بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA



Mob:9682536974, E-Mail.: ansarullah@qadian.in      ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ


# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕਥਨਾਂ ਦੀ ਰੌਸ਼ਨੀ ਵਿਚੱ ਤਕਵਾ ਦੀ ਵਿਆਖਿਆ ਅਤੇ ਉਸ ਦੀ ਪ੍ਰਾਪਤੀ ਦਾ ਆਦੇਸ਼

## ਸ਼ੁਕੱਰਵਾਰ ਦੇ ਦਿਨ ਇਕੱ ਅਜਿਹੀ ਪਵਿੱਤਰ ਘੜ੍ਹੀ ਆਉਂਦੀ ਹੈ ਕਿ ਉਸ ਵਿਚੱ ਜੋ ਦੁਆ ਮੰਗੀ ਜਾਵੇ ਉਹ ਕਬੂਲ ਹੁੰਦੀ ਹੈ

**ਸੰਖੇਪ ਵਿਵਰਨ ਖ਼ੁਤਬਾ ਜੁਮੑਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 21 ਅਪ੍ਰੈਲ 2023 ਮਸਜਿਦ ਮੁਬਾਰਕ ਇਸਲਾਮਾਬਾਦ, ਲੰਦਨ (ਯੂ.ਕੇ)**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹੁਦੱ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰਮਜ਼ਾਨ ਲੰਘ ਗਿਆ ਅਤੇ ਬਥੇਰੇ ਅਜਿਹੇ ਹੋਣਗੇ ਜਿਨ੍ਹਾਂ ਨੇ ਰਮਜ਼ਾਨ ਵਿਚੱ ਇਬਾਦਤ ਅਤੇ ਆਪਣੇ ਅੰਦਰ ਖ਼ਾਸ ਤਬਦੀਲੀਆਂ ਪੈਦਾ ਕਰਨ ਲਈ ਪ੍ਰੋਗਰਾਮ ਬਣਾਏ ਹੋਣਗੇ। ਪਰ ਉਨ੍ਹਾਂ ਉੱਤੇ ਅਮਲ ਨਹੀਂ ਕਰ ਸਕੇ ਜਿਵੇਂ ਸੋਚਿਆ ਸੀ। ਮੈਨੂੰ ਕਈ ਲੋਕ ਇੰਝ ਪਤੱਰ ਲਿਖੱਦੇ ਹਨ।

ਫ਼ਰਮਾਇਆ : ਜੁਮਏ ਦਾ ਦਿਨ ਉਹ ਪਵਿਤੱਰ ਦਿਨ ਹੈ। ਜਿਸ ਵਿਚੱ ਅਜਿਹੀ ਘੜ੍ਹੀ ਆਉਂਦੀ ਹੈ, ਜਦੱ ਦੁਆ ਦੀ ਕਬੂਲੀਅਤ ਦਾ ਖ਼ਾਸ ਸਮੇਂ ਹੁੰਦਾ ਹੈ। ਸੋ, ਜੇਕਰ ਸਾਡੇ ਰਮਜ਼ਾਨ ਦੇ ਦਿਨ ਇੰਝ ਨਹੀਂ ਵੀ ਲੰਘੇ ਜਿਵੇਂ ਸਾਡੀ ਇੱਛਾ ਸੀ ਜਾਂ ਜਿਵੇਂ ਇਕੱ ਮੋਮਿਨ ਦੇ ਲੰਘਣੇ ਚਾਹੀਦੇ ਹਨ। ਤਾਂ ਵੀ ਸਾਨੂੰ ਅਜੱ ਇਹ ਅਹਦ ਕਰਨਾ ਚਾਹੀਦਾ ਹੈ ਅਤੇ ਦੁਆ ਕਰਨੀ ਚਾਹੀਦੀ ਹੈ ਕਿ ਰਬੱ ਸਾਡੀ ਕਮਜ਼ੋਰੀਆਂ ਨੂੰ ਅਣਦੇਖਾ ਕਰਕੇ ਸਾਡੇ ਉੱਤੇ ਰਹਿਮ ਫ਼ਰਮਾਉਂਦੇ ਹੋਏ ਸਾਨੂੰ ਤੌਫ਼ੀਕ ਬਖ਼ਸ਼ੇ ਕਿ ਅਸੀਂ ਆਪਣੇ ਜੀਵਨ ਨੂੰ ਸਦੇਵੀਂ ਉਸ ਢੰਗ ਉੱਤੇ ਚਲਾਉਣ ਵਾਲੇ ਬਣ ਜਾਣ ਜਿਸ ਉੱਤੇ ਰਬੱ ਸਾਨੂੰ ਚਲਾਉਣਾ ਚਾਹੁੰਦਾ ਹੈ। ਰਬੱ ਤਾਂ ਵੱਡਾ ਦਿਆਲੂ ਹੈ। ਉਸ ਨੇ ਸਾਡੀ ਦੁਆਵਾਂ ਨੂੰ ਕਬੂਲ ਕਰਨ ਲਈ ਇਹ ਨਹੀਂ ਫ਼ਰਮਾਇਆ ਕਿ ਰਮਜ਼ਾਨ ਦੇ ਮਹੀਨੇ ਵਿਚੱ ਜੁਮਏ ਦੇ ਦਿਨ ਇਕੱ ਅਜਿਹੀ ਘੜ੍ਹੀ ਆਉਂਦੀ ਹੈ। ਜਿਸ ਵਿਚੱ ਦੁਆਵਾਂ ਕਬੂਲ ਹੁੰਦੀਆਂ ਹਨ। ਸਗੋਂ ਜੁਮਏ ਦੇ ਦਿਨ ਦੀ ਆਮ ਖ਼ੂਬੀ ਇਹ ਬਿਆਨ ਫ਼ਰਮਾਈ ਹੈ।

ਸੋ, ਜੇਕਰ ਅਜੱ ਅਸੀਂ ਆਪਣੀ ਦੁਆਵਾਂ ਵਿਚੱ ਇਹ ਅਹਦ ਕਰਨ ਕਿ ਅਸੀਂ ਇਸ ਰਮਜ਼ਾਨ ਦੇ ਬਾਦ ਵੀ ਆਪਣੇ ਤਕਵਾ ਦੇ ਮਿਆਰਾਂ ਨੂੰ ਵਧਾਉਂਦੇ ਰਹਿਣਗੇ, ਉਸ ਲਈ ਕੋਸ਼ਿਸ਼ਾਂ ਕਰਣਗੇ। ਰਬੱ ਦੀ ਨੇੜ੍ਹਤਾ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹਿਣਗੇ। ਅਗਲੇ ਜੁਮਏ ਤਕੱ ਆਪਣੀ ਇਬਾਦਤਾਂ ਨੂੰ ਰਬੱ ਲਈ ਖ਼ਾਸ ਕਰਦੇ ਰਹਿਣਗੇ। ਫ਼ਿਰ ਹਰ ਜੁਮਏ ਦੇ ਵਿਚਲੇ ਸਮੇਂ ਨੂੰ ਆਪਣੀ ਇਬਾਦਤਾਂ ਅਤੇ ਨੇਕ ਕਰਮਾਂ ਨਾਲ ਸਜਾਉਣ ਦੀ ਕੋਸ਼ਿਸ਼ ਕਰਦੇ ਰਹਿਣਗੇ। ਦੀਨ ਨੂੰ ਦੁਨੀਆਂ ਉੱਤੇ ਪਹਿਲ ਦੇਣਗੇ। ਅਗਲੇ ਰਮਜ਼ਾਨ ਤਕੱ ਅਸੀਂ ਇਸ ਪ੍ਰੋਗਰਾਮ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਰਹਿਣਗੇ। ਜੋ ਅਸੀਂ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਨ ਲਈ ਰਮਜ਼ਾਨ ਦੇ ਮਹੀਨੇ ਲਈ ਬਣਾਇਆ ਸੀ ਅਤੇ ਕਿਸੇ ਕਾਰਨ ਉਸ ਉੱਤੇ ਅਮਲ ਨਹੀਂ ਕਰ ਸਕੇ। ਤਾਂ ਇਹ ਉਹ ਕਰਮ ਹੈ। ਜੋ ਹਕੀਕੀ ਤਕਵਾ ਪੈਦਾ ਕਰਦਾ ਹੈ ਅਤੇ ਜਦੱ ਅਸੀਂ ਆਪਣੀ ਇਬਾਦਤਾਂ ਅਤੇ ਆਪਣੇ ਕਰਮ ਕੇਵਲ ਰਬੱ ਦੀ ਰਜ਼ਾ ਲਈ ਕਰ ਰਹੇ ਹੋਣਗੇ। ਤਾਂ ਫ਼ਿਰ ਰਬੱ ਜੋ ਸਭ ਕਿਰਪਾਲੂਆਂ ਤੋਂ ਵਧੱ ਕਿਰਪਾਲੂ ਹੈ ਰਹਿਮਾਨ ਹੈ ਰਹੀਮ ਹੈ। ਉਹ ਸਾਨੂੰ ਉਹ ਬਰਕਤਾਂ ਬਖ਼ਸ਼ਦਾ ਰਹੇਗਾ। ਜਿਨ੍ਹਾਂ ਉੱਤੇ ਅਸੀਂ ਇਸ ਰਮਜ਼ਾਨ ਵਿਚੱ ਵੀ ਕੁਝੱ ਹਦੱ ਤਕੱ ਅਮਲ ਕੀਤਾ।

ਸੋ, ਅਸਲ ਚੀਜ਼ ਤਕਵਾ ਹੈ। ਅਸਲ ਚੀਜ਼ ਸਦੇਵੀਂ ਰਬੱ ਦੇ ਆਦੇਸ਼ਾਂ ਉੱਤੇ ਕਰਮ ਕਰਨਾ ਹੈ ਅਸਲ ਚੀਜ਼ ਰਬੱ ਦੇ ਡਰ ਅਤੇ ਉਸ ਦੀ ਇੱਛਾ ਦੀ ਪ੍ਰਾਪਤੀ ਹੈ। ਜੇਕਰ ਇਹ ਹੈ ਅਤੇ ਅਸੀਂ ਵਾਪਸ ਇਸ ਸੰਸਾਰਿਕ ਜੀਵਨ ਵਿਚੱ ਨਹੀਂ ਚਲ੍ਹੇ ਗਏ। ਜਿੱਥੇ ਦੀਨ ਨੂੰ ਦੁਨੀਆਂ ਉੱਤੇ ਪਹਿਲ ਦੇਣ ਨੂੰ ਭੁਲੱ ਜਾਣ। ਤਾਂ ਜੋ ਵੀ ਅਤੇ ਜਿਵੇਂ ਵੀ ਅਸੀਂ ਇਬਾਦਤਾਂ ਅਤੇ ਆਪਣੇ ਕਰਮ ਚੰਗੇ ਬਣਾਉਣ ਦੀ ਇਸ ਰਮਜ਼ਾਨ ਵਿਚੱ ਕੋਸ਼ਿਸ਼ ਕੀਤੀ ਹੈ। ਰਬੱ ਉਨ੍ਹਾਂ ਨੂੰ ਕਬੂਲ ਕਰਦੇ ਹੋਏ ਸਾਨੂੰ ਬਖ਼ਸ਼ਦਾ ਰਹੇਗਾ।

ਸੋ, ਇਹ ਮੁਢੱਲਾ ਨੁਕਤਾ ਹੈ। ਜੋ ਸਾਨੂੰ ਹਰ ਸਮੇਂ ਸਾਮ੍ਹਣੇ ਰਖੱਣਾ ਚਾਹੀਦਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਹਰ ਅਹਮਦੀ ਨੂੰ ਹਰ ਸਮੇਂ ਆਪਣੇ ਸਾਮ੍ਹਣੇ ਰਖੱਣੀ ਚਾਹੀਦੀ ਹੈ ਅਤੇ ਜਦੱ ਅਸੀਂ ਆਪ ਆਪਣੇ ਜੀਵਨ ਨੂੰ ਤਕਵਾ ਉੱਤੇ ਚਲਾਉਣ ਅਤੇ ਰਬੱ ਦੀ ਇੱਛਾ ਪ੍ਰਾਪਤ ਕਰਨ ਲਈ ਲੰਘਾ ਰਹੇ ਹੋਣਗੇ ਤਾਂ ਅਸੀਂ ਆਪਣੇ ਬਚਿੱਆਂ ਅਤੇ ਆਪਣੀ ਨਸਲਾਂ ਦੇ ਸਾਮ੍ਹਣੇ ਵੀ ਉਹ ਨਮੂਨਾ ਪੇਸ਼ ਕਰ ਰਹੇ ਹੋਣਗੇ। ਜਿਸ ਨਾਲ ਨੇਕੀਆਂ ਦੀ ਜਾਗ ਇਕੱ ਨਸਲ ਤੋਂ ਦੂਜੀ ਨਸਲ ਨੂੰ ਲਗੱਦੀ ਚਲੀ ਜਾਂਦੀ ਹੈ।

ਤਕਵਾ ਉਹ ਉਦੇਸ਼ ਹੈ। ਜਿਸ ਉੱਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਬਹੁਤ ਜ਼ੋਰ ਦਿੱਤਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਤਾਂ ਇਸੇ ਲਈ ਭੇਜੇ ਗਏ ਹਨ। ਤਾਂ ਕਿ ਸਾਡੇ ਤਕਵਾ ਦੇ ਮਿਆਰ ਉੱਚੇ ਹੋਣ। ਇਕੱ ਮੌਕੇ ਉੱਤੇ ਆਪ ਅਲੈਹਿ ਸਲਾਮ ਨੇ ਫ਼ਰਮਾਇਆ : ਮੈਂ ਭੇਜਿਆ ਗਿਆ ਹਾਂ ਤਾਂ ਸੱਚਾਈ ਅਤੇ ਵਿਸ਼ਵਾਸ ਦਾ ਜ਼ਮਾਨਾ ਫ਼ਿਰ ਆਏ ਅਤੇ ਦਿਲ੍ਹਾਂ ਵਿਚੱ ਤਕਵਾ ਪੈਦਾ ਹੋਏ ਸੋ ਇਹੀ ਕਰਮ ਮੇਰੀ ਹਸਤੀ ਦਾ ਕਾਰਨ ਹੈ। ਸੋ, ਆਪ ਅਲੈਹਿ ਸਲਾਮ ਦਾ ਜ਼ਮਾਨਾ ਜੋ ਨਬੁਵੱਤ

ਦੇ ਬਾਦ ਖ਼ਿਲਾਫ਼ਤ ਉੱਤੇ ਕਾਯਮ ਹੁੰਦੇ ਹੋਏ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣੀ ਦੇ ਅਨੁਸਾਰ ਅੰਤਿਮ ਦਿਹਾੜ੍ਹੇ ਤਕੱ ਜਾਰੀ ਰਹਿਣ ਵਾਲਾ ਜ਼ਮਾਨਾ ਹੈ। ਇਸ ਵਿਚੱ ਆਪ ਅਲੈਹਿ ਸਲਾਮ ਦੇ ਮੰਨਣ ਵਾਲੇ ਹੀ ਹਨ। ਜਿਨ੍ਹਾਂ ਨੇ ਸੱਚਾਈ ਉੱਤੇ ਕਾਯਮ ਰਹਿੰਦੇ ਹੋਏ ਆਪਣੀ ਇਬਾਦਤਾਂ ਦੇ ਉੱਚੇ ਮਿਆਰ ਕਾਯਮ ਕਰਨੇ ਹਨ ਅਤੇ ਇਹ ਉਦੇਸ਼ ਕੇਵਲ ਇਕੱ ਮਹੀਨੇ ਦੀ ਇਬਾਦਤ ਜਾਂ ਨੇਕੀਆਂ ਦੀ ਕੋਸ਼ਿਸ਼ ਤੋਂ ਤਾਂ ਪ੍ਰਾਪਤ ਨਹੀਂ ਹੋ ਸਕਦਾ। ਜੇਕਰ ਅਸੀਂ ਆਪਣੀ ਇਬਾਦਤਾਂ ਉੱਤੇ ਪੱਕੇ ਪੈਰ੍ਹੀ ਰਹਿੰਦੇ ਹੋਏ ਕਾਯਮ ਹੋ ਜਾਈਏ। ਤਾਂ ਇਹੀ ਉਹ ਲੋਕ ਹਨ ਜਿਨ੍ਹਾਂ ਦੇ ਸੰਬੰਧੀ ਰਬੱ ਨੇ ਆਪ ਅਲੈਹਿ ਸਲਾਮ ਨੂੰ ਫ਼ਰਮਾਇਆ ਕਿ ਮੈਂ ਤੇਰੇ ਨਾਲ ਅਤੇ ਤੇਰੇ ਪਿਆਰੀਆਂ ਦੇ ਨਾਲ ਹਾਂ। ਸੋ, ਜੇਕਰ ਅਸੀਂ ਇਸ ਰੰਗ ਵਿਚੱ ਆਪਣਾ ਜੀਵਨ ਲੰਘਾਂ ਰਹੇ ਹੋਣਗੇ। ਤਾਂ ਅਸੀਂ ਆਪਣੇ ਕਰਮਾਂ ਤੋਂ ਸੰਸਾਰ ਨੂੰ ਇਹ ਸੰਦੇਸ਼ ਦੇ ਰਹੇ ਹੋਣਗੇ ਕਿ ਜੇਕਰ ਤੁਸੀਂ ਰਬੱ ਤੋਂ ਜ਼ਿੰਦਾ ਸੰਬੰਧ ਬਣਾਉਣਾ ਚਾਹੁੰਦੇ ਹੋ। ਤਾਂ ਆਓ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਨੂੰ ਕਬੂਲ ਕਰੋ।

ਹਕੀਕੀ ਤਕਵਾ ਕੀ ਹੈ ਅਤੇ ਇਸ ਉੱਤੇ ਤੁਰਨ ਵਾਲਾ ਕਿਹੋ ਜਿਹਾ ਹੁੰਦਾ ਹੈ ਅਤੇ ਉਸ ਨਾਲ ਰਬੱ ਦਾ ਕਿਹੋ ਜਿਹਾ ਸਲੂਕ ਹੁੰਦਾ ਹੈ। ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਕੀਕੀ ਤਕਵਾ ਦੇ ਨਾਲ ਅਣਪੜ੍ਹਤਾ ਜਮ੍ਹਾ ਨਹੀਂ ਹੋ ਸਕਦੀ। ਹਕੀਕੀ ਤਕਵਾ ਆਪਣੇ ਨਾਲ ਇਕੱ ਨੂਰ ਰਖੱਦਾ ਹੈ। ਜਿਵੇਂ ਕਿ ਰਬੱ ਫ਼ਰਮਾਉਂਦਾ ਹੈ ਕਿ ਹੇ ਵਿਸ਼ਵਾਸੀਓਂ ! ਜੇਕਰ ਤੁਸੀਂ ਮੁਤੱਕੀ ਹੋਣ ਉੱਤੇ ਸਥਿਰ ਰਹੋ ਅਤੇ ਰਬੱ ਲਈ ਤਕਵਾ ਦੀ ਸਿਫ਼ਤੇ ਕੱਯਾਮ ਅਤੇ ਸਥਿਰਤਾ ਉੱਤੇ ਕਾਯਮ ਹੋ ਤਾਂ ਰਬੱ ਤੁਹਾਡੇ ਵਿਚੱ ਅਤੇ ਤੁਹਾਡੇ ਗ਼ੈਰਾਂ ਵਿਚੱ ਅੰਤਰ ਕਰ ਦੇਵੇਗਾ। ਉਹ ਅੰਤਰ ਇਹ ਹੈ ਕਿ ਤੁਹਾਨੂੰ ਇਕੱ ਨੂਰ ਦਿੱਤਾ ਜਾਵੇਗਾ। ਉਸ ਨੂਰ ਨਾਲ ਤੁਹਾਡੇ ਕਰਮਾਂ ਅਤੇ ਕਥਨਾਂ ਅਤੇ ਅੰਗਾਂ ਅਤੇ ਸਵਾਸਾਂ ਵਿਚੱ ਅੰਤਰ ਆ ਜਾਵੇਗਾ। ਤੁਹਾਡੀ ਅਕਲ ਵਿਚੱ ਨੂਰ ਹੋਵੇਗਾ ਅਤੇ ਤੁਹਾਡੀ ਅਟਕਲ੍ਹ ਦੀ ਗਲ੍ਹੱ ਵਿਚੱ ਵੀ ਨੂਰ ਹੋਵੇਗਾ ਅਤੇ ਤੁਹਾਡੀ ਅੱਖਾਂ ਵਿਚੱ ਵੀ ਨੂਰ ਹੋਵੇਗਾ ਅਤੇ ਤੁਹਾਡੇ ਕੰਨਾਂ ਅਤੇ ਜੀਭਾਂ ਅਤੇ ਤੁਹਾਡੇ ਕਥਨਾਂ ਅਤੇ ਤੁਹਾਡੀ ਹਰ ਹਰਕਤ ਵਿਚੱ ਨੂਰ ਹੋਵੇਗਾ। ਸੋ, ਇਹ ਉਹ ਸਥਾਨ ਹੈ। ਜੋ ਇਕੱ ਮੋਮਿਨ ਅਤੇ ਮੁਤੱਕੀ ਨੂੰ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਰਮਜ਼ਾਨ ਲੰਘ ਗਿਆ ਤਾਂ ਵੀ ਅਸੀਂ ਇਸ ਸਥਾਨ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ ਖ਼ੁਸ਼-ਕਿਸਮਤ ਹੋਣਗੇ ਸਾਡੇ ਵਿਚੋਂ ਉਹ ਜੋ ਇਸ ਸਥਾਨ ਨੂੰ ਪ੍ਰਾਪਤ ਕਰ ਲੈਣ।

ਸਾਨੂੰ ਯਾਦ ਰਖੱਣਾ ਚਾਹੀਦਾ ਹੈ ਕਿ ਇਹ ਜ਼ਮਾਨਾ ਖ਼ਾਸ ਤੌਰ ਉੱਤੇ ਸ਼ੈਤਾਨ ਦੇ ਹਮਲਿਆਂ ਦਾ ਜ਼ਮਾਨਾ ਹੈ ਅਤੇ ਉਹ ਆਪਣੇ ਸਾਰੇ ਢੰਗਾਂ ਅਤੇ ਧੋਖਿਆਂ ਅਤੇ ਹਥਿਆਰਾਂ ਨਾਲ ਹਮਲਾ ਕਰ ਰਿਹਾ ਹੈ। ਅਜਿਹੇ ਵਿਚੱ ਸਾਨੂੰ ਰਬੱ ਵਲ੍ਹੱ ਪਹਿਲਾਂ ਤੋਂ ਵਧੱ ਝੁਕੱਣ ਦੀ ਲੋੜ੍ਹ ਹੈ। ਟੀ.ਵੀ ਹੋਵੇ, ਸੋਸ਼ਲ ਮੀਡੀਆ ਹੋਵੇ ਜਾਂ ਦੂਜਾ ਪ੍ਰੋਗਰਾਮ, ਬਚਿੱਆਂ ਦੇ ਸਕੂਲ ਜਾਂ ਉਨ੍ਹਾਂ ਦੇ ਪ੍ਰੋਗਰਾਮ, ਹਰ ਥਾਂ ਸ਼ੈਤਾਨ ਨੇ

ਦੱਜਾਲ ਰਾਹੀਂ ਅਜਿਹਾ ਜਾਲ ਬੁਣਿਆਂ ਹੈ ਕਿ ਜਿਸ ਨਾਲ ਰਬੱ ਦੀਆਂ ਮਿਹਰਾਂ ਤੋਂ ਬਿਨਾ ਬਚਣਾ ਅਸੰਭਵ ਹੈ। ਇਸ ਸਮੇਂ ਸਭ ਤੋਂ ਵਧੱ ਚਿੰਤਾ ਤਾਂ ਸਾਨੂੰ ਆਪਣੇ ਬਚਿੱਆਂ ਨੂੰ ਸ਼ੈਤਾਨ ਦੇ ਹਮਲਿਆਂ ਤੋਂ ਬਚਾਉਣ ਦੀ ਹੈ। ਇਸ ਲਈ ਮਾਂ-ਬਾਪ ਅਤੇ ਜਮਾਅਤੀ ਨਿਜ਼ਾਮ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਉਦੇਸ਼ ਲਈ ਹਰ ਸਿਆਣੇ ਜਵਾਨ ਅਹਮਦੀ ਨੂੰ ਤਕਵਾ ਦੇ ਉਚੱਤਮ ਮਿਆਰ ਪ੍ਰਾਪਤ ਕਰਨੇ ਹੋਣਗੇ। ਤਦੱ ਹੀ ਅਸੀਂ ਆਪਣੀ ਨਸਲਾਂ ਨੂੰ ਸ਼ੈਤਾਨ ਦੇ ਹਮਲਿਆਂ ਤੋਂ ਬਚਾ ਸਕਣਗੇ। ਰਮਜ਼ਾਨ ਦੇ ਬਾਦ ਸਾਨੂੰ ਆਰਾਮ ਨਾਲ ਬਹਿਣਾ ਨਹੀਂ ਚਾਹੀਦਾ। ਸਗੋਂ ਆਪਣੇ ਕੁਰਆਨ ਦੇ ਗਿਆਨ ਅਤੇ ਧਾਰਮਿਕ ਗਿਆਨ ਨੂੰ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਸਚੱ ਹੈ ਕਿ ਉਹ ਮੇਰੇ ਸਾਥੀਆਂ ਨੂੰ ਅੰਤਿਮ ਦਿਹਾੜ੍ਹੇ ਤਕੱ ਮੇਰੇ ਵਿਰੋਧੀਆਂ ਅਤੇ ਇੰਨਕਾਰ ਕਰਨ ਵਾਲਿਆਂ ਉੱਤੇ ਗ਼ਾਲਿਬ ਕਰੇਗਾ। ਪਰ ਧਿਆਨ ਦੇਣ ਯੋਗ ਗਲੱ ਇਹ ਹੈ ਕਿ ਪੈਰਵੀ ਕਰਨ ਵਾਲਿਆਂ ਵਿਚੱ ਹਰ ਬੰਦਾ ਕੇਵਲ ਮੇਰੇ ਹਥੱ ਉੱਤੇ ਬੈਅਤ ਕਰਨ ਨਾਲ ਦਾਖ਼ਲ ਨਹੀਂ ਹੋ ਸਕਦਾ। ਜਦੱ ਤਕੱ ਉਹ ਆਪਣੇ ਅੰਦਰ ਪੈਰਵੀ ਦੀ ਪੂਰੀ ਪੂਰੀ ਹਾਲਤ ਪੈਦਾ ਨਹੀਂ ਕਰਦਾ। ਫ਼ਰਮਾਇਆ ਸਪਸ਼ੱਟ ਹੋਵੇ ਕਿ ਕੇਵਲ ਮੂਹੋਂ ਬੈਅਤ ਦਾ ਇਕਰਾਰ ਕਰ ਲੈਣਾ ਕੁਝੱ ਚੀਜ਼ ਨਹੀਂ। ਜਦੱ ਤਕੱ ਦਿਲੱ ਅਤੇ ਦੁਆ ਨਾਲ ਉਸ ਉੱਤੇ ਪੂਰਾ ਅਮਲ ਨ ਹੋਵੇ। ਸੋ, ਜੋ ਬੰਦਾ ਮੇਰੀ ਸਿਖਿੱਆ ਉੱਤੇ ਪੂਰਾ ਪੂਰਾ ਅਮਲ ਕਰਦਾ ਹੈ। ਉਹ ਇਸ ਮੇਰੇ ਘਰ ਵਿਚੱ ਦਾਖ਼ਲ ਹੁੰਦਾ ਹੈ। ਜਿਸ ਬਾਰੇ ਰਬੱ ਦੇ ਕਲਾਮ ਵਿਚੱ ਇਹ ਵਚਨ ਹੈ ਕਿ ਹਰ ਇਕੱ ਜੋ ਤੇਰੇ ਚੋਗਿਰਦੇ ਅੰਦਰ ਹੈ। ਉਸ ਨੂੰ ਮੈਂ ਬਚਾਵਾਂਗਾ।

ਹਜ਼ੂਰੇ ਅਨਵਰ ਫ਼ਰਮਾਉਂਦੇ ਹਨ ਕਿ ਇਹ ਤਾਂ ਤੁਸੀਂ ਜਾਣਦੇ ਹੋ ਕਿ ਸ਼ੈਤਾਨ ਲਾ-ਹੌਲ ਨਾਲ ਭਜੱਦਾ ਹੈ। ਪਰ ਉਹ ਅਜਿਹਾ ਸਿੱਧਾ ਨਹੀਂ ਹੈ ਕਿ ਕੇਵਲ ਮੂਹੋਂ ਲਾ-ਹੌਲ ਕਹਿਣ ਨਾਲ ਭਜੱ ਜਾਵੇ। ਅਸਲ ਗਲੱ ਇਹ ਹੈ ਕਿ ਜਿਸ ਦੇ ਕਣ ਕਣ ਵਿਚੱ ਲਾ-ਹੌਲ ਵਸੱ ਜਾਂਦਾ ਹੈ ਅਤੇ ਜੋ ਹਰ ਸਮੇਂ ਰਬੱ ਤੋਂ ਹੀ ਮਦਦ ਅਤੇ ਸਹਿਯੋਗ ਮੰਗਦੇ ਰਹਿੰਦੇ ਹਨ ਅਤੇ ਉਸ ਤੋਂ ਹੀ ਮਿਹਰ ਪ੍ਰਾਪਤ ਕਰਦੇ ਰਹਿੰਦੇ ਹਨ ਉਹ ਸ਼ੈਤਾਨ ਤੋਂ ਬਚਾਏ ਜਾਂਦੇ ਹਨ।

ਇਕੱ ਮੌਕੇ ਉੱਤੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਦੁਆ ਵਿਚੱ ਖਿਚੱ ਹੁੰਦੀ ਹੈ। ਉਹ ਮਿਹਰ ਅਤੇ ਕਿਰਪਾ ਨੂੰ ਆਪਣੇ ਵਲੱ ਖਿਚੱਦਾ ਹੈ। ਜਦੱ ਤਕੱ ਮਨੁਖੱ ਕੁਰਆਨ ਨੂੰ ਪਹਿਲ ਨਹੀਂ ਦਿੰਦਾ ਅਤੇ ਉਸ ਅਨੁਸਾਰ ਅਮਲ ਨਹੀਂ ਕਰਦਾ। ਤਦੱ ਤਕੱ ਉਸ ਦੀ ਨਮਾਜ਼ਾਂ ਕੇਵਲ ਸਮੇਂ ਖਰਾਬ ਕਰਨਾ ਹੈ। ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਕੱ ਹਦੀਸ ਵਿਚੱ ਆਇਆ ਹੈ ਕਿ ਨਮਾਜ਼ ਇਬਾਦਤ ਦਾ ਮਗ਼ਜ਼ ਹੈ। ਸੋ, ਜਦੱ ਅਸੀਂ ਇਸ ਮਗ਼ਜ਼ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਣਗੇ ਤਾਂ ਨਮਾਜ਼ ਦਾ ਵੀ ਅਤੇ ਇਬਾਦਤ ਦਾ ਵੀ ਹਕੱ ਅਦਾ ਕਰਨ ਵਾਲੇ ਬਣ ਜਾਣਗੇ। ਰਬੱ ਦੀ ਨੇੜ੍ਹਤਾ

ਪ੍ਰਾਪਤ ਕਰਨ ਵਾਲੇ ਬਣ ਜਾਣਗੇ। ਲੋਕ ਦਿਖਾਵੇ ਦੀ ਨਮਾਜ਼ਾਂ ਤਾਂ ਫ਼ਿਰ ਕੋਈ ਲਾਭ ਨਹੀਂ ਦੇ ਸਕਣ ਗਿਆ। ਬਥੇਰੇ ਨਮਾਜ਼ੀ ਹਨ। ਜੋ ਮਸਜਿਦਾਂ ਵਿਚੱ ਜਾ ਕੇ ਨਮਾਜ਼ ਪੜ੍ਹ ਕੇ ਫ਼ਿਰ ਜ਼ੁਲਮ ਅਤੇ ਵਧੀਕੀ ਦਾ ਅੰਤ ਕਰਦੇ ਹਨ।

ਸਾਡੀ ਨਮਾਜ਼ਾਂ ਕਿਹੋ ਜਿਹੀ ਹੋਣ। ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਯਾਦ ਰਖੱਣਾ ਚਾਹੀਦਾ ਹੈ ਕਿ ਨਮਾਜ਼ ਹੀ ਉਹ ਚੀਜ਼ ਹੈ। ਜਿਸ ਤੋਂ ਸਾਰੀ ਮੁਸ਼ਕਿਲਾਂ ਆਸਾਨ ਹੁੰਦੀਆਂ ਹਨ ਅਤੇ ਸਭ ਮੁਸੀਬਤਾਂ ਦੂਰ ਹੁੰਦੀਆਂ ਹਨ। ਪਰ ਨਮਾਜ਼ ਤੋਂ ਉਹ ਨਮਾਜ਼ ਮੁਰਾਦ ਨਹੀਂ। ਜੋ ਆਮ ਲੋਕ ਰਸਮ ਵੱਜੋਂ ਪੜ੍ਹਦੇ ਹਨ। ਸਗੋਂ ਉਹ ਨਮਾਜ਼ ਮੁਰਾਦ ਹੈ। ਜਿਸ ਨਾਲ ਮਨੁਖੱ ਦਾ ਦਿਲ੍ਹ ਨਰਮ ਹੋ ਜਾਂਦਾ ਹੈ ਅਤੇ ਰਬੱ ਦੇ ਦਰ ਉੱਤੇ ਡਿਗੱ ਕੇ ਅਜਿਹਾ ਲੀਨ ਹੋ ਜਾਂਦਾ ਹੈ ਕਿ ਪਿਘਲਣ ਲਗੱਦਾ ਹੈ।

ਰਬੱ ਸਾਨੂੰ ਨਮਾਜ਼ਾਂ ਦਾ ਹਕੱ ਅਦਾ ਕਰਨ ਦੀ ਤੌਫ਼ੀਕ ਬਖ਼ਸ਼ੇ। ਅਸੀਂ ਆਪਣੀ ਨਸਲਾਂ ਨੂੰ ਅਜਿਹੀ ਇਬਾਦਤਾਂ ਦੀ ਆਦਤ ਪਾਉਣ ਵਾਲੇ ਬਣ ਜਾਣ ਜੋ ਉਨ੍ਹਾਂ ਲਈ ਅਤੇ ਆਉਣ ਵਾਲੀ ਨਸਲਾਂ ਲਈ ਬਾਕੀ ਰਹਿਣ ਦੀ ਜ਼ਮਾਨਤ ਬਣ ਜਾਵੇ। ਦੱਜਾਲ ਨੇ ਇਸ ਜ਼ਮਾਨੇ ਵਿਚੱ ਤਬਾਹ ਹੋਣਾ ਹੈ। ਇਹ ਰਬੱ ਦਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਵਚਨ ਹੈ। ਇਹ ਸਾਡੀ ਖ਼ੁਸ਼-ਕਿਸਮਤੀ ਹੋਵੇਗੀ ਕਿ ਜੇਕਰ ਅਸੀਂ ਉਨ੍ਹਾਂ ਲੋਕਾਂ ਵਿਚੱ ਸ਼ਾਮਿਲ ਹੋ ਜਾਣ। ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਅਤ ਵਿਚੱ ਸ਼ਾਮਿਲ ਹੋਣ ਦਾ ਹਕੱ ਅਦਾ ਕਰਨ ਵਾਲੇ ਹੋਣ। ਇਹ ਸਥਾਨ ਪ੍ਰਾਪਤ ਕਰਨ ਲਈ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚਾਹੀਦਾ ਹੈ ਕਿ ਤੁਹਾਡਾ ਦਿਨ ਅਤੇ ਰਾਤ ਅਰਥਾਤ ਕੋਈ ਘੜ੍ਹੀ ਦੁਆ ਤੋਂ ਖ਼ਾਲੀ ਨ ਹੋਵੇ। ਰਬੱ ਸਾਨੂੰ ਤੌਫ਼ੀਕ ਬਖ਼ਸ਼ੇ।

ਪਾਕਿਸਤਾਨ ਦੇ ਅਹਮਦੀਆਂ ਲਈ ਦੁਆ ਕਰੋ। ਰਬੱ ਉਨ੍ਹਾਂ ਨੂੰ ਸ਼ਰਾਰਤੀਆਂ ਦੀਆਂ ਸ਼ਰਾਰਤਾਂ ਤੋਂ ਬਚਾਏ। ਆਪ ਪਾਕਿਸਤਾਨ ਵਿਚੱ ਰਹਿਣ ਵਾਲੇ ਅਹਮਦੀ ਵੀ ਆਪਣੇ ਲਈ ਦੁਆ ਕਰਨ। ਤਿੰਨ ਚਾਰ ਦਿਨ ਜਾਂ ਹਫ਼ਤੇ ਦੀ ਦੁਆਵਾਂ ਨਹੀਂ। ਸਗੋਂ ਸਦੇਵੀਂ ਦੁਆਵਾਂ ਕਰੋ। ਆਪਣੇ ਜੀਵਨ ਨੂੰ ਰਬੱ ਦੇ ਆਦੇਸ਼ਾਂ ਅਨੁਸਾਰ ਬਤੀਤ ਕਰਨ ਦਾ ਅਹਦ ਕਰੋ। ਬਰਕੀਨਾ ਫ਼ਾਸੋ, ਬੰਗਲਾਦੇਸ਼,ਅਲੱ ਜਜ਼ਾਇਰ ਅਤੇ ਸੰਸਾਰ ਦੇ ਹਰ ਦੇਸ਼ ਦੇ ਅਹਮਦੀਆਂ ਲਈ ਦੁਆ ਕਰੋ। ਰਬੱ ਹਰ ਅਹਮਦੀ ਨੂੰ ਵਿਰੋਧੀਆਂ ਦੀਆਂ ਸ਼ਰਾਰਤਾਂ ਤੋਂ ਬਚਾਏ। ਰਬੱ ਸਾਨੂੰ ਆਪਣੇ ਅੰਦਰ ਪਾਕ ਤਬਦੀਲੀਆਂ ਪੈਦਾ ਕਰਨ ਅਤੇ ਦੁਆਵਾਂ ਕਰਨ ਦੀ ਤੌਫ਼ੀਕ ਬਖ਼ਸ਼ੇ ਅਤੇ ਫ਼ਿਰ ਇਨ੍ਹਾਂ ਦੁਆਵਾਂ ਨੂੰ ਕਬੂਲ ਵੀ ਫ਼ਰਮਾਏ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔